

ਬੀ.ਸੀ. ਦੀਆਂ ਸਥਾਨਕ ਚੋਣਾਂ ਵਿੱਚ

# ਵੋਟ ਕਰਨ ਵਾਲਿਆਂ ਲਈ ਗਾਈਡ

2026

British Columbia

ਇਹ ਗਾਈਡ ਬ੍ਰਿਟਿਸ਼ ਕੋਲੰਬੀਆ ਵਿੱਚ ਸਥਾਨਕ ਸਰਕਾਰ ਦੀਆਂ ਚੋਣਾਂ ਬਾਰੇ ਕੁਝ ਮੁੱਢਲੇ ਸਵਾਲਾਂ ਦੇ ਜਵਾਬ ਦਿੰਦੀ ਹੈ।

ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀ ਮਿਲ ਕੇ ਉਹ ਫ਼ੈਸਲੇ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ ਜੋ ਭਾਈਚਾਰੇ ਦੇ ਨਿਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ 'ਤੇ ਅਸਰ ਪਾਉਂਦੇ ਹਨ।

ਇਨ੍ਹਾਂ ਫੈਸਲਿਆਂ ਵਿੱਚ ਪਾਣੀ ਅਤੇ ਸੀਵਰ ਪ੍ਰਣਾਲੀ, ਅੱਗ ਸੁਰੱਖਿਆ, ਠੋਸ ਕੂੜੇ ਦਾ ਪ੍ਰਬੰਧਨ, ਜ਼ਮੀਨ ਦੀ ਵਰਤੋਂ ਅਤੇ ਯੋਜਨਾਬੰਦੀ, ਅਤੇ ਪਾਰਕਾਂ ਅਤੇ ਮਨੋਰੰਜਨ ਵਰਗੀਆਂ ਸੇਵਾਵਾਂ ਦੀ ਸਥਾਪਨਾ ਅਤੇ ਕਾਰਗੁਜ਼ਾਰੀ ਸ਼ਾਮਲ ਹੈ, ਪਰ ਇਹ ਫੈਸਲੇ ਸਿਰਫ਼ ਇਨ੍ਹਾਂ ਸੇਵਾਵਾਂ ਤੱਕ ਸੀਮਤ ਨਹੀਂ ਹਨ।

## ਆਮ ਸਥਾਨਕ ਚੋਣਾਂ ਕਦੋਂ ਕਰਵਾਈਆਂ ਜਾਂਦੀਆਂ ਹਨ?

ਆਮ ਸਥਾਨਕ ਚੋਣਾਂ ਹਰ ਚਾਰ ਸਾਲਾਂ ਵਿੱਚ ਅਕਤੂਬਰ ਦੇ ਤੀਸਰੇ ਸ਼ਨੀਵਾਰ ਨੂੰ ਕਰਵਾਈਆਂ ਜਾਂਦੀਆਂ ਹਨ। ਅਗਲਾ ਆਮ ਵੋਟਿੰਗ ਦਿਵਸ **ਸ਼ਨੀਵਾਰ, 17 ਅਕਤੂਬਰ, 2026** ਹੈ। ਆਮ ਵੋਟਿੰਗ ਵਾਲੇ ਦਿਨ ਵੋਟਿੰਗ ਸਥਾਨ ਸਵੇਰੇ 8:00 ਵਜੇ ਤੋਂ ਸ਼ਾਮ 8:00 ਵਜੇ ਤੱਕ (ਸਥਾਨਕ ਸਮਾਂ) ਖੁੱਲ੍ਹੇ ਰਹਿੰਦੇ ਹਨ।

ਬੀ.ਸੀ. ਵਿੱਚ ਸਥਾਨਕ ਚੋਣਾਂ ਬਾਰੇ ਵਧੇਰੇ ਆਮ ਜਾਣਕਾਰੀ ਲਈ 'ਜਨਰਲ ਲੋਕਲ ਇਲੈਕਸ਼ਨਜ਼ 101' (General Local Elections 101) ਬ੍ਰੋਸ਼ਰ ਨੂੰ ਵੇਖੋ।

ਬੋਰਡ ਆਫ਼ ਐਜੂਕੇਸ਼ਨ (ਅਰਥਾਤ ਸਕੂਲ ਟਰੱਸਟੀ) ਦੀਆਂ ਚੋਣਾਂ ਬਾਰੇ ਵਧੇਰੇ ਜਾਣਕਾਰੀ ਸਿੱਖਿਆ ਅਤੇ ਬਾਲ ਸੰਭਾਲ ਮੰਤਰਾਲੇ (Ministry of Education and Child Care) ਦੀ ਵੈੱਬਸਾਈਟ 'ਤੇ ਮਿਲ ਸਕਦੀ ਹੈ।

ਹੇਠ ਲਿਖੇ ਅਧਿਕਾਰ ਖੇਤਰਾਂ ਲਈ ਸਥਾਨਕ ਚੋਣਾਂ ਕਰਵਾਈਆਂ ਜਾਂਦੀਆਂ ਹਨ:

- ਮਿਊਂਨਿਸੀਪੈਲਿਟੀਆਂ;
- ਰੀਜਨਲ ਡਿਸਟ੍ਰਿਕਟ;
- ਬੋਰਡਜ਼ ਆਫ ਐਜੂਕੇਸ਼ਨ;
- ਸਪੱਸ਼ਟ ਕੀਤੇ ਪਾਰਕ ਬੋਰਡ;
- ਸਥਾਨਕ ਕਮਿਊਨਿਟੀ ਕਮਿਸ਼ਨ; ਅਤੇ,
- ਟਰੱਸਟ ਖੇਤਰ (ਆਇਲੈਂਡਜ਼ ਟਰੱਸਟ)।

# ਵੋਟਰ ਯੋਗਤਾ

## ਕੀ ਮੈਂ ਵੋਟ ਪਾਉਣ ਦੇ ਯੋਗ ਹਾਂ?

ਤੁਸੀਂ ਰਿਹਾਇਸ਼ੀ ਵੋਟਰ (resident elector) ਵਜੋਂ ਸਥਾਨਕ ਚੋਣਾਂ ਵਿੱਚ ਵੋਟ ਪਾਉਣ ਲਈ ਯੋਗ ਹੋ, ਜੇ ਤੁਸੀਂ:

- ਵੋਟ ਲਈ ਦਰਜ ਕਰਦੇ ਸਮੇਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ, ਜਾਂ ਆਮ ਵੋਟਿੰਗ ਦਿਵਸ ਤੱਕ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ ਜਾਵੋਗੇ;
- ਕੈਨੇਡਾ ਦੇ ਨਾਗਰਿਕ ਹੋ;
- ਵੋਟ ਲਈ ਦਰਜ ਕਰਨ ਤੋਂ ਤੁਰੰਤ ਪਹਿਲਾਂ ਘੱਟੋ-ਘੱਟ ਛੇ ਮਹੀਨੇ ਲਈ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਰਹੇ ਹੋ;
- ਵੋਟ ਲਈ ਦਰਜ ਕਰਨ ਵਾਲੇ ਦਿਨ ਉਸ ਮਿਉਂਨਿਸੀਪੈਲਿਟੀ ਜਾਂ ਇਲੈਕਟੋਰਲ ਖੇਤਰ ਦੇ ਵਸਨੀਕ ਹੋ; ਅਤੇ,
- 'ਲੋਕਲ ਗਵਰਨਮੈਂਟ ਐਕਟ' ਜਾਂ ਕਿਸੇ ਹੋਰ ਕਾਨੂੰਨ ਅਨੁਸਾਰ ਚੋਣ ਵਿੱਚ ਵੋਟ ਪਾਉਣ ਤੋਂ ਅਯੋਗ ਘੋਸ਼ਿਤ ਨਹੀਂ ਕੀਤੇ ਗਏ ਹੋ, ਜਾਂ ਕਾਨੂੰਨ ਅਧੀਨ ਕਿਸੇ ਹੋਰ ਤਰੀਕੇ ਨਾਲ ਅਯੋਗ ਨਾ ਹੋਵੇ।

ਇਹ ਨਿਰਧਾਰਤ ਕਰਨ ਵਾਲੇ ਨਿਯਮਾਂ ਲਈ ਕਿ ਕੀ ਤੁਸੀਂ ਬੀ.ਸੀ. ਦੇ ਵਸਨੀਕ ਹੋ ਜਾਂ ਨਹੀਂ (ਬੀ.ਸੀ. ਰੈਜ਼ੀਡੈਂਸੀ) *ਲੋਕਲ ਗਵਰਨਮੈਂਟ ਐਕਟ ਦੀ ਧਾਰਾ 67* ਨੂੰ ਦੇਖੋ।

ਤੁਸੀਂ ਗੈਰ-ਰਿਹਾਇਸ਼ੀ ਪ੍ਰੋਪਰਟੀ ਵੋਟਰ (non-resident property elector) ਵਜੋਂ ਵੋਟ ਪਾਉਣ ਲਈ ਯੋਗ ਹੋ, ਜੇ ਤੁਸੀਂ:

- ਵੋਟ ਲਈ ਦਰਜ ਕਰਦੇ ਸਮੇਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ, ਜਾਂ ਆਮ ਵੋਟਿੰਗ ਦਿਵਸ ਤੱਕ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ ਜਾਵੋਗੇ;
- ਕੈਨੇਡਾ ਦੇ ਨਾਗਰਿਕ ਹੋ;
- ਵੋਟ ਲਈ ਦਰਜ ਕਰਨ ਤੋਂ ਤੁਰੰਤ ਪਹਿਲਾਂ ਘੱਟੋ-ਘੱਟ ਛੇ ਮਹੀਨੇ ਲਈ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਰਹੇ ਹੋ;
- ਵੋਟ ਪਾਉਣ ਦੇ ਅਧਿਕਾਰ ਖੇਤਰ ਵਿੱਚ ਘੱਟੋ-ਘੱਟ 30 ਦਿਨਾਂ ਤੋਂ ਪ੍ਰੋਪਰਟੀ ਦੇ ਅਸਲ ਦਰਜ ਮਾਲਕ ਹੋ (ਦਰਜ ਕਰਨ ਤੋਂ ਤੁਰੰਤ ਪਹਿਲਾਂ); ਅਤੇ,
- ਲੋਕਲ ਗਵਰਨਮੈਂਟ ਐਕਟ ਜਾਂ ਕਿਸੇ ਹੋਰ ਕਾਨੂੰਨ ਅਧੀਨ ਚੋਣ ਵਿੱਚ ਵੋਟ ਪਾਉਣ ਤੋਂ ਅਯੋਗ ਘੋਸ਼ਿਤ ਨਹੀਂ ਕੀਤੇ ਗਏ ਹੋ, ਜਾਂ ਕਾਨੂੰਨ ਅਨੁਸਾਰ ਕਿਸੇ ਹੋਰ ਤਰੀਕੇ ਨਾਲ ਅਯੋਗ ਨਹੀਂ ਹੋ।

## ਮੈਂ ਇੱਕ ਅਧਿਕਾਰ ਖੇਤਰ ਵਿੱਚ ਰਹਿੰਦਾ/ਰਹਿੰਦੀ ਹਾਂ ਅਤੇ ਦੂਜੇ ਅਧਿਕਾਰ ਖੇਤਰ ਵਿੱਚ ਪੜ੍ਹਾਈ ਕਰਦਾ/ਕਰਦੀ ਹਾਂ -ਕੀ ਮੈਂ ਦੋਵੇਂ ਥਾਵਾਂ ’ਤੇ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਜੇ ਤੁਸੀਂ ਆਪਣੀ ਆਮ ਰਿਹਾਇਸ਼ ਵਾਲੀ ਥਾਂ ਤੋਂ ਦੂਰ ਕਿਸੇ ਸਿੱਖਿਆ ਸੰਸਥਾ ਵਿੱਚ ਪੜ੍ਹਾਈ ਕਰਨ ਲਈ ਰਹਿੰਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਹੀ ਅਧਿਕਾਰ ਖੇਤਰ ਵਿੱਚ ਵੋਟ ਪਾ ਸਕਦੇ ਹੋ। ਤੁਸੀਂ ਚੋਣ ਕਰ ਸਕਦੇ ਹੋ ਕਿ ਜਿੱਥੇ ਤੁਸੀਂ ਪੜ੍ਹਾਈ ਕਰ ਰਹੇ ਹੋ ਉੱਥੇ ਵੋਟ ਪਾਉਣੀ ਹੈ ਜਾਂ ਆਪਣੀ ਆਮ ਰਿਹਾਇਸ਼ ਵਾਲੀ ਥਾਂ ’ਤੇ।

## ਮੈਂ ਇੱਕ ਅਧਿਕਾਰ ਖੇਤਰ ਵਿੱਚ ਰਹਿੰਦਾ/ਰਹਿੰਦੀ ਹਾਂ ਅਤੇ ਲੰਮੇ ਸਮੇਂ ਲਈ ਦੂਜੇ ਅਧਿਕਾਰ ਖੇਤਰ ਵਿੱਚ ਕੰਮ ਕਰਦਾ/ਕਰਦੀ ਹਾਂ - ਕੀ ਮੈਂ ਦੋਵੇਂ ਥਾਵਾਂ ’ਤੇ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਜਦੋਂ ਤੁਸੀਂ ਆਪਣੀ ਆਮ ਰਿਹਾਇਸ਼ ਵਾਲੀ ਥਾਂ ਤੋਂ ਦੂਰ ਰਹਿ ਕੇ ਕਿਸੇ ਹੋਰ ਅਧਿਕਾਰ ਖੇਤਰ ਵਿੱਚ ਲੰਬੇ ਸਮੇਂ ਲਈ ਕੰਮ ਕਰਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਹੀ ਅਧਿਕਾਰ ਖੇਤਰ ਵਿੱਚ ਵੋਟ ਪਾ ਸਕਦੇ ਹੋ। ਤੁਹਾਨੂੰ ਉਸ ਅਧਿਕਾਰ ਖੇਤਰ ਵਿੱਚ ਵੋਟ ਪਾਉਣੀ ਲਾਜ਼ਮੀ ਹੈ ਜਿੱਥੇ ਤੁਹਾਡੀ ਆਮ ਰਿਹਾਇਸ਼ ਬਣੀ ਹੋਈ ਹੈ।

## ਮੈਂ ਰਿਜ਼ਰਵ ’ਤੇ ਰਹਿੰਦਾ/ਰਹਿੰਦੀ ਹਾਂ - ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਰਿਜ਼ਰਵ ’ਤੇ ਰਹਿਣ ਵਾਲੇ ਯੋਗ ਇੰਡੀਜਨਸ (ਮੂਲ ਨਿਵਾਸੀ) ਅਤੇ ਗੈਰ-ਇੰਡੀਜਨਸ ਵੋਟਰ ਸਥਾਨਕ ਸਰਕਾਰ ਦੀਆਂ ਚੋਣਾਂ ਵਿੱਚ ਵੋਟ ਪਾਉਣ ਦੇ ਹੱਕਦਾਰ ਹਨ। ਤੁਸੀਂ ਕਿੱਥੇ ਵੋਟ ਪਾਓਗੇ, ਇਹ ਇਸ ਗੱਲ ’ਤੇ ਨਿਰਭਰ ਹੈ ਕਿ ਤੁਸੀਂ ਜਿਸ ਰਿਜ਼ਰਵ ’ਤੇ ਰਹਿੰਦੇ ਹੋ, ਉਹ ਕਿਸੇ ਮਿਉਂਨਿਸੀਪੈਲਿਟੀ ਜਾਂ ਰੀਜਨਲ ਡਿਸਟ੍ਰਿਕਟ ਦੇ ‘ਲੈਟਰਜ਼ ਪੇਟੈਂਟ’ (Letters Patent) ਵਿੱਚ ਸ਼ਾਮਲ ਹੈ ਜਾਂ ਨਹੀਂ। ‘ਲੈਟਰਜ਼ ਪੇਟੈਂਟ’ ਸਥਾਨਕ ਸਰਕਾਰਾਂ ਦੀਆਂ ਕਾਨੂੰਨੀ ਹੱਦਾਂ ਨਿਰਧਾਰਤ ਕਰਦੇ ਹਨ।

ਵੋਟ ਕਿੱਥੇ ਪਾਈ ਜਾ ਸਕਦੀ ਹੈ, ਇਹ ਜਾਣਨ ਲਈ ਸੰਬੰਧਤ ਮਿਉਂਨਿਸੀਪੈਲਿਟੀ ਜਾਂ ਰੀਜਨਲ ਡਿਸਟ੍ਰਿਕਟ ਨਾਲ ਸੰਪਰਕ ਕਰੋ।

ਰਿਜ਼ਰਵ ’ਤੇ ਰਹਿਣ ਸਮੇਂ ਵੋਟਰ ਯੋਗਤਾ ਬਾਰੇ ਵਧੇਰੇ ਜਾਣਕਾਰੀ ਲਈ *‘ਵੋਟਰਜ਼ ਗਾਈਡ ਫ਼ੌਰ ਇਲੈਕਟਰਜ਼ ਲਿਵਿੰਗ ਆਨ ਰਿਜ਼ਰਵ’ (Voter’s Guide for Electors Living on Reserve)* ਬ੍ਰੋਸ਼ਰ ਨੂੰ ਵੇਖੋ।

## ਸਥਾਨਕ ਚੋਣਾਂ ਵਿੱਚ ਕੌਣ ਵੋਟ ਨਹੀਂ ਕਰ ਸਕਦਾ/ਸਕਦੀ?

ਤੁਸੀਂ ਸਥਾਨਕ ਚੋਣਾਂ ਵਿੱਚ ਵੋਟ ਨਹੀਂ ਪਾ ਸਕਦੇ (ਚਾਹੇ ਰਿਹਾਇਸ਼ੀ ਵੋਟਰ ਜਾਂ ਗੈਰ-ਰਿਹਾਇਸ਼ੀ ਪ੍ਰੌਪਰਟੀ ਮਾਲਕ ਵੋਟਰ ਵਜੋਂ), ਜੇ ਤੁਸੀਂ:

- ਕਿਸੇ ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਹੋ ਅਤੇ ਸਜ਼ਾ ਦੇ ਤਹਿਤ ਹਿਰਾਸਤ ਵਿੱਚ ਹੋ; ਜਾਂ,
- ਚੋਣੀ ਅਪਰਾਧ ਲਈ ਦੋਸ਼ੀ ਪਾਏ ਗਏ ਹੋ, ਜਿਵੇਂ ਕਿ ਧਮਕਾਉਣਾ ਜਾਂ ਵੋਟ ਖਰੀਦਣਾ; ਜਾਂ,
- ਹੋਰ ਕਿਸੇ ਵੀ ਤਰੀਕੇ ਨਾਲ ਵੋਟਰ ਯੋਗਤਾ ਦੀਆਂ ਸ਼ਰਤਾਂ 'ਤੇ ਪੂਰੇ ਨਹੀਂ ਉਤਰਦੇ।

# ਪ੍ਰੌਪਰਟੀ ਮਾਲਕਾਂ ਲਈ

## ਮੈਂ ਇੱਕ ਅਧਿਕਾਰ ਖੇਤਰ ਵਿੱਚ ਰਹਿੰਦਾ/ਰਹਿੰਦੀ ਹਾਂ ਅਤੇ ਦੂਜੇ ਵਿੱਚ ਪ੍ਰੌਪਰਟੀ ਮਾਲਕ ਹਾਂ - ਕੀ ਮੈਂ ਦੋਵੇਂ ਅਧਿਕਾਰ ਖੇਤਰਾਂ ਵਿੱਚ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਜੇ ਤੁਸੀਂ ਰਿਹਾਇਸ਼ੀ ਵੋਟਰ ਵਜੋਂ ਯੋਗ ਹੋ, ਤਾਂ ਤੁਸੀਂ ਉਸ ਮਿਊਂਨਿਸੀਪੈਲਿਟੀ ਜਾਂ ਰੀਜਨਲ ਡਿਸਟ੍ਰਿਕਟ ਦੇ ਚੋਣੀ ਅਧਿਕਾਰ ਖੇਤਰ ਵਿੱਚ ਵੋਟ ਪਾ ਸਕਦੇ ਹੋ ਜਿੱਥੇ ਤੁਸੀਂ ਰਹਿੰਦੇ ਹੋ। ਤੁਸੀਂ ਕਿਸੇ ਹੋਰ ਮਿਊਂਨਿਸੀਪੈਲਿਟੀ ਜਾਂ ਚੋਣੀ ਖੇਤਰ ਵਿੱਚ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੀ ਵੋਟ ਪਾਉਣ ਲਈ ਯੋਗ ਹੋ ਸਕਦੇ ਹੋ, ਜੇ ਤੁਸੀਂ ਵੋਟ ਲਈ ਦਰਜ ਕਰਨ ਤੋਂ ਤੁਰੰਤ ਪਹਿਲਾਂ ਘੱਟੋ ਘੱਟ 30 ਦਿਨਾਂ ਤੋਂ ਉਸ ਅਧਿਕਾਰ ਖੇਤਰ ਵਿੱਚ ਪ੍ਰੌਪਰਟੀ ਮਾਲਕ ਹੋ। ਤੁਸੀਂ ਇੱਕੋ ਅਧਿਕਾਰ ਖੇਤਰ ਵਿੱਚ ਰਿਹਾਇਸ਼ੀ ਅਤੇ ਗੈਰ ਰਿਹਾਇਸ਼ੀ ਪ੍ਰੌਪਰਟੀ ਮਾਲਕ ਵੋਟਰ, ਦੋਹਾਂ ਵਜੋਂ ਵੋਟ ਨਹੀਂ ਪਾ ਸਕਦੇ।

## ਮੈਂ ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰੌਪਰਟੀ ਮਾਲਕ ਹਾਂ ਪਰ ਕਿਸੇ ਹੋਰ ਸੂਬੇ ਜਾਂ ਦੇਸ਼ ਵਿੱਚ ਰਹਿੰਦਾ/ਰਹਿੰਦੀ ਹਾਂ - ਕੀ ਮੈਂ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੋਟ ਪਾਉਣ ਲਈ ਇਹ ਲਾਜ਼ਮੀ ਹੈ ਕਿ ਤੁਸੀਂ ਵੋਟ ਲਈ ਦਰਜ ਕਰਨ ਤੋਂ ਤੁਰੰਤ ਪਹਿਲਾਂ ਘੱਟੋ ਘੱਟ ਛੇ ਮਹੀਨੇ ਲਈ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਹੋਵੋ, ਅਤੇ ਜਿਸ ਅਧਿਕਾਰ ਖੇਤਰ ਵਿੱਚ ਤੁਸੀਂ ਵੋਟ ਪਾਉਣਾ ਚਾਹੁੰਦੇ ਹੋ, ਉੱਥੇ ਵੋਟ ਲਈ ਦਰਜ ਕਰਨ ਤੋਂ ਤੁਰੰਤ ਪਹਿਲਾਂ ਘੱਟੋ ਘੱਟ 30 ਦਿਨਾਂ ਤੋਂ ਪ੍ਰੌਪਰਟੀ ਮਾਲਕ ਹੋਵੋ।

## ਮੇਰੇ ਕੋਲ ਇੱਕੋ ਅਧਿਕਾਰ ਖੇਤਰ ਵਿੱਚ ਇੱਕ ਤੋਂ ਵੱਧ ਪ੍ਰੌਪਰਟੀਆਂ ਹਨ - ਕੀ ਮੈਂ ਇੱਕ ਤੋਂ ਵੱਧ ਵਾਰ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ।** ਤੁਸੀਂ ਇੱਕ ਅਧਿਕਾਰ ਖੇਤਰ ਵਿੱਚ ਇੱਕ ਸਥਾਨਕ ਚੋਣ ਦੌਰਾਨ, ਸਿਰਫ਼ ਇੱਕ ਵਾਰ ਹੀ ਵੋਟ ਪਾ ਸਕਦੇ ਹੋ, ਭਾਵੇਂ ਤੁਹਾਡੇ ਕੋਲ ਉਸ ਅਧਿਕਾਰ ਖੇਤਰ ਵਿੱਚ ਇੱਕ ਤੋਂ ਵੱਧ ਪ੍ਰੌਪਰਟੀਆਂ ਹੋਣ।

## ਮੇਰੀ ਕਿਸੇ ਹੋਰ ਵਿਅਕਤੀ ਨਾਲ ਇੱਕ ਅਧਿਕਾਰ ਖੇਤਰ ਵਿੱਚ ਸਾਂਝੀ ਮਲਕੀਅਤ ਵਾਲੀ ਪ੍ਰੌਪਰਟੀ ਹੈ, ਅਤੇ ਅਸੀਂ ਦੋਵੇਂ ਉਸ ਅਧਿਕਾਰ ਖੇਤਰ ਵਿੱਚ ਨਹੀਂ ਰਹਿੰਦੇ - ਕੀ ਅਸੀਂ ਦੋਵੇਂ ਵੋਟ ਪਾ ਸਕਦੇ ਹਾਂ?

**ਨਹੀਂ।** ਹਰ ਪ੍ਰੌਪਰਟੀ ਲਈ ਸਿਰਫ਼ ਇੱਕ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਹੀ ਵੋਟ ਪਾ ਸਕਦਾ/ਸਕਦੀ ਹੈ। ਜਦੋਂ ਤੁਸੀਂ ਕਿਸੇ ਹੋਰ ਵਿਅਕਤੀ ਜਾਂ ਵਿਅਕਤੀਆਂ ਨਾਲ ਮਿਲਕੇ ਕਿਸੇ ਪ੍ਰੌਪਰਟੀ ਦੇ ਮਾਲਕ ਹੁੰਦੇ ਹੋ, ਤਾਂ ਮਾਲਕਾਂ ਦੀ ਬਹੁਮਤ ਸਹਿਮਤੀ ਨਾਲ ਲਿਖਤੀ ਤੌਰ 'ਤੇ ਇਹ ਨਿਰਧਾਰਤ ਕੀਤਾ ਜਾਣਾ ਲਾਜ਼ਮੀ ਹੈ ਕਿ ਕਿਹੜਾ ਮਾਲਕ ਉਸ ਪ੍ਰੌਪਰਟੀ ਲਈ ਇੱਕ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੋਟ ਪਾਉਣ ਲਈ ਅਧਿਕਾਰਿਤ ਹੈ। ਕੋਈ ਵੀ ਵਿਅਕਤੀ ਕਾਰੋਬਾਰ ਜਾਂ ਕਾਰਪੋਰੇਸ਼ਨ ਦੇ ਰਾਹੀਂ ਜਾਂ ਉਸ ਨਾਲ ਮਿਲਕੇ ਮਲਕੀਅਤ ਵਾਲੀ ਪ੍ਰੌਪਰਟੀ ਦੇ ਆਧਾਰ 'ਤੇ ਵੋਟ ਪਾਉਣ ਲਈ ਯੋਗ ਨਹੀਂ ਹੈ।

## ਮੇਰੀ ਕਿਸੇ ਹੋਰ ਵਿਅਕਤੀ ਨਾਲ ਇੱਕ ਅਧਿਕਾਰ ਖੇਤਰ ਵਿੱਚ ਸਾਂਝੀ ਮਲਕੀਅਤ ਵਾਲੀ ਪ੍ਰੌਪਰਟੀ ਹੈ ਅਤੇ ਉਹ ਵਿਅਕਤੀ ਉਸ ਘਰ ਵਿੱਚ ਰਹਿੰਦਾ/ਰਹਿੰਦੀ ਹੈ - ਕੀ ਅਸੀਂ ਦੋਵੇਂ ਵੋਟ ਪਾ ਸਕਦੇ ਹਾਂ?

**ਸੰਭਵ ਹੈ।** ਜੇ ਵਿਅਕਤੀ ਉਸ ਘਰ ਵਿੱਚ ਰਹਿੰਦਾ/ਰਹਿੰਦੀ ਹੈ, ਉਹ ਉਸ ਅਧਿਕਾਰ ਖੇਤਰ ਦੇ ਨਿਵਾਸੀ ਹੋਣ ਕਰਕੇ ਰਿਹਾਇਸ਼ੀ ਵੋਟਰ ਵਜੋਂ ਵੋਟ ਪਾ ਸਕਦਾ/ਸਕਦੀ ਹੈ। ਤੁਸੀਂ ਵੀ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੋਟ ਪਾਉਣ ਲਈ ਯੋਗ ਹੋ ਸਕਦੇ ਹੋ, ਜੇ ਤੁਸੀਂ ਉਸੇ ਅਧਿਕਾਰ ਖੇਤਰ ਵਿੱਚ ਰਿਹਾਇਸ਼ੀ ਵੋਟਰ ਵਜੋਂ ਵੋਟ ਪਾਉਣ ਲਈ ਯੋਗ ਨਹੀਂ ਹੋ ਅਤੇ ਤੁਸੀਂ ਵੋਟ ਲਈ ਰਜਿਸਟਰ ਕਰਨ ਤੋਂ ਤੁਰੰਤ ਪਹਿਲਾਂ ਘੱਟੋ-ਘੱਟ 30 ਦਿਨਾਂ ਤੋਂ ਉਸ ਪ੍ਰੌਪਰਟੀ ਦੇ ਮਾਲਕ ਰਹੇ ਹੋ।

ਦੂਜੇ ਮਾਲਕ ਨੂੰ ਉਸ ਪ੍ਰੌਪਰਟੀ ਲਈ ਲਿਖਤੀ ਤੌਰ 'ਤੇ ਤੁਹਾਨੂੰ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਨਿਰਧਾਰਤ ਕਰਨਾ ਲਾਜ਼ਮੀ ਹੈ। ਤੁਹਾਨੂੰ ਦੋਨਾਂ ਨੂੰ ਹੀ ਰਿਹਾਇਸ਼ੀ ਵੋਟਰ ਜਾਂ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਲਈ ਨਿਰਧਾਰਤ ਕੀਤੀਆਂ ਸਾਰੀਆਂ ਯੋਗਤਾ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

### ਮੈਂ ਇੱਕ ਕਾਰੋਬਾਰ ਦੀ/ਦਾ ਮਾਲਕ ਹਾਂ - ਕੀ ਮੈਨੂੰ ਸਥਾਨਕ ਚੋਣ ਵਿੱਚ ਵਾਧੂ ਵੋਟ ਮਿਲਦਾ ਹੈ?

**ਨਹੀਂ।** ਸਥਾਨਕ ਚੋਣਾਂ ਵਿੱਚ ਕਾਰੋਬਾਰ ਜਾਂ ਕਾਰਪੋਰੇਸ਼ਨ ਲਈ ਵੱਖਰਾ ਵੋਟ ਨਹੀਂ ਹੁੰਦਾ। ਵੋਟ ਕਰਨ ਦਾ ਹੱਕ ਨਾਗਰਿਕਾਂ ਨੂੰ ਨਿਵਾਸ ਜਾਂ ਪ੍ਰੌਪਰਟੀ ਦੀ ਮਲਕੀਅਤ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਤੁਸੀਂ ਕਿਸੇ ਕਾਰਪੋਰੇਸ਼ਨ ਦੀ ਤਰਫ਼ੋਂ ਵੋਟ ਨਹੀਂ ਪਾ ਸਕਦੇ, ਅਤੇ ਨਾ ਹੀ ਕਾਰੋਬਾਰ ਜਾਂ ਕਾਰਪੋਰੇਸ਼ਨ ਵੱਲੋਂ ਪੂਰੀ ਤਰ੍ਹਾਂ ਜਾਂ ਹਿੱਸੇਵਾਰ ਤੌਰ 'ਤੇ ਮਲਕੀਅਤ ਵਾਲੀ ਪ੍ਰੌਪਰਟੀ ਦੇ ਆਧਾਰ 'ਤੇ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੋਟ ਪਾ ਸਕਦੇ ਹੋ।

## ਵੋਟਰ ਵਜੋਂ ਰਜਿਸਟਰ ਕਰਨਾ

### ਮੈਂ ਰਿਹਾਇਸ਼ੀ ਵੋਟਰ ਵਜੋਂ ਵੋਟ ਪਾਉਣ ਲਈ ਰਜਿਸਟਰ ਕਿਵੇਂ ਕਰਾਂ?

ਜਿਸ ਅਧਿਕਾਰ ਖੇਤਰ ਵਿੱਚ ਤੁਸੀਂ ਵੋਟ ਪਾਉਣ ਲਈ ਯੋਗ ਹੋ, ਜੇ ਉਥੇ ਵੋਟਰ ਰਜਿਸਟਰੇਸ਼ਨ ਲਈ ਸੂਬਾਈ ਵੋਟਰ ਸੂਚੀ ਵਰਤੀ ਜਾਂਦੀ ਹੈ ਜਾਂ ਰਜਿਸਟਰਡ ਵੋਟਰਾਂ ਦੀ ਉਨ੍ਹਾਂ ਦੀ ਆਪਣੀ ਸੂਚੀ ਸੰਭਾਲੀ ਜਾਂਦੀ ਹੈ, ਤਾਂ ਸੰਭਵ ਹੈ ਕਿ ਤੁਸੀਂ ਪਹਿਲਾਂ ਹੀ ਸਥਾਨਕ ਚੋਣਾਂ ਲਈ ਰਜਿਸਟਰ ਹੋਵੋਗੇ। ਜੇ ਤੁਹਾਡਾ ਨਾਮ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਦਰਜ ਹੈ, ਤਾਂ ਤੁਹਾਨੂੰ ਬੈਲਟ ਹਾਸਲ ਕਰਨ ਲਈ ਪਛਾਣ ਪੱਤਰ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

ਜਿਨ੍ਹਾਂ ਅਧਿਕਾਰ ਖੇਤਰਾਂ ਵਿੱਚ ਰਜਿਸਟਰਡ ਵੋਟਰਾਂ ਦੀ ਆਪਣੀ ਸੂਚੀ ਰੱਖੀ ਜਾਂਦੀ ਹੈ, ਉਥੇ ਪਹਿਲਾਂ ਤੋਂ ਵੋਟਰ ਰਜਿਸਟਰੇਸ਼ਨ (ਐਡਵਾਂਸ ਰਜਿਸਟਰੇਸ਼ਨ) ਦੀ ਸਹੂਲਤ ਉਪਲਬਧ ਹੋਣੀ ਲਾਜ਼ਮੀ ਹੈ। ਕੁਝ ਸਥਾਨਕ ਸਰਕਾਰਾਂ ਰਜਿਸਟਰੇਸ਼ਨ ਨੂੰ ਸਿਰਫ਼ ਚੋਣਾਂ ਦੇ ਦਿਨ ਤੱਕ ਸੀਮਿਤ ਕਰਦੀਆਂ ਹਨ; ਇਸ ਸਥਿਤੀ ਵਿੱਚ ਸਾਰੇ ਵੋਟਰ ਵੋਟ ਪਾਉਣ ਦੇ ਸਮੇਂ ਹੀ ਰਜਿਸਟਰ ਕਰਦੇ ਹਨ। ਹਰ ਹਾਲਤ ਵਿੱਚ ਤੁਸੀਂ ਵੋਟ ਪਾਉਣ ਦੇ ਸਮੇਂ ਵੀ ਰਜਿਸਟਰ ਕਰ ਸਕਦੇ ਹੋ (ਭਾਵੇਂ ਪਹਿਲਾਂ ਤੋਂ ਰਜਿਸਟਰੇਸ਼ਨ ਦੀ ਸਹੂਲਤ ਦਿੱਤੀ ਗਈ ਹੋਵੇ)।

ਵੋਟ ਪਾਉਣ ਦੇ ਸਮੇਂ ਰਜਿਸਟਰ ਕਰਨ ਲਈ ਤੁਹਾਨੂੰ ਪਛਾਣ ਦੇ ਦੋ ਵੱਖ-ਵੱਖ ਦਸਤਾਵੇਜ਼ ਪੇਸ਼ ਕਰਨੇ ਲਾਜ਼ਮੀ ਹਨ। ਹੋਰ ਜਾਣਕਾਰੀ ਲਈ ਸਫ਼ਾ 9 'ਤੇ 'ਵੋਟਿੰਗ ਵਾਲੇ ਦਿਨ' ਪਛਾਣ ਸੰਬੰਧੀ ਪ੍ਰਸ਼ਨ ਵੇਖੋ।

ਵੋਟਰ ਰਜਿਸਟਰੇਸ਼ਨ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ ਆਪਣੀ ਸਥਾਨਕ ਸਰਕਾਰ ਨਾਲ ਸੰਪਰਕ ਕਰੋ।

### ਗੈਰ-ਰਿਹਾਇਸ਼ੀ ਪ੍ਰੌਪਰਟੀ ਮਾਲਕ ਵੋਟ ਪਾਉਣ ਲਈ ਕਿਵੇਂ ਰਜਿਸਟਰ ਕਰਦੇ ਹਨ?

ਜਦੋਂ ਪਹਿਲਾਂ ਤੋਂ ਰਜਿਸਟਰੇਸ਼ਨ ਦੀ ਸਹੂਲਤ ਉਪਲਬਧ ਹੋਵੇ, ਤਾਂ ਤੁਸੀਂ ਉਸ ਅਧਿਕਾਰ ਖੇਤਰ ਵਿੱਚ, ਜਿੱਥੇ ਤੁਹਾਡੇ ਕੋਲ ਪ੍ਰੌਪਰਟੀ ਹੈ, ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ। ਤੁਸੀਂ ਵੋਟ ਪਾਉਣ ਦੇ ਸਮੇਂ ਵੀ ਰਜਿਸਟਰ ਕਰ ਸਕਦੇ ਹੋ।

ਵੋਟ ਪਾਉਣ ਦੇ ਸਮੇਂ ਰਜਿਸਟਰ ਕਰਨ ਲਈ ਤੁਹਾਨੂੰ ਪਛਾਣ ਦੇ ਦੋ ਵੱਖ-ਵੱਖ ਦਸਤਾਵੇਜ਼ ਪੇਸ਼ ਕਰਨੇ ਲਾਜ਼ਮੀ ਹਨ। ਇਹ ਪਛਾਣ ਪੱਤਰ ਤੁਹਾਡੀ ਪਛਾਣ ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਇਸ ਬਾਰੇ ਚੋਣ ਅਧਿਕਾਰੀ ਨੂੰ ਸੰਤੁਸ਼ਟ ਕਰਨ ਵਾਲੇ ਹੋਣੇ ਚਾਹੀਦੇ ਹਨ - ਪਛਾਣ ਦੇ ਦਸਤਾਵੇਜ਼ਾਂ ਵਿੱਚੋਂ ਘੱਟੋ-ਘੱਟ ਇੱਕ ’ਤੇ ਤੁਹਾਡੇ ਦਸਤਖ਼ਤ ਹੋਣੇ ਲਾਜ਼ਮੀ ਹਨ। ਤੁਹਾਨੂੰ ਆਪਣੀ ਮਲਕੀਅਤ ਵਾਲੀ ਪ੍ਰੌਪਰਟੀ ਬਾਰੇ ਵਧੇਰੇ ਜਾਣਕਾਰੀ ਵੀ ਦੇਣੀ ਪਵੇਗੀ। ਹੋਰ ਜਾਣਕਾਰੀ ਲਈ ਸਫ਼ਾ 9 ’ਤੇ ‘ਵੋਟਿੰਗ ਵਾਲੇ ਦਿਨ’ ਪਛਾਣ ਸੰਬੰਧੀ ਪ੍ਰਸ਼ਨ ਵੇਖੋ।

ਵੋਟਰ ਰਜਿਸਟਰੇਸ਼ਨ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ, ਉਸ ਸਥਾਨਕ ਸਰਕਾਰ ਨਾਲ ਸੰਪਰਕ ਕਰੋ ਜਿੱਥੇ ਤੁਹਾਡੇ ਕੋਲ ਪ੍ਰੌਪਰਟੀ ਹੈ।

## ਵੋਟਿੰਗ ਵਾਲੇ ਦਿਨ

ਆਮ (ਜਨਰਲ) ਵੋਟਿੰਗ ਦਿਨ ਸਥਾਨਕ ਚੋਣਾਂ ਵਿੱਚ ਵੋਟ ਪਾਉਣ ਲਈ ਰਿਹਾਇਸ਼ੀ ਵੋਟਰਾਂ ਅਤੇ ਗੈਰ-ਰਿਹਾਇਸ਼ੀ ਪ੍ਰੌਪਰਟੀ ਵੋਟਰਾਂ ਲਈ ਸਭ ਤੋਂ ਵਧੇਰੇ ਪ੍ਰਚਾਰਿਤ ਅਤੇ ਵਿਆਪਕ ਤੌਰ ’ਤੇ ਪਛਾਣਿਆ ਗਿਆ ਵੋਟਿੰਗ ਮੌਕਾ ਹੁੰਦਾ ਹੈ।

### ਕੀ ਮੈਂ ਜਨਰਲ ਵੋਟਿੰਗ ਦਿਨ ਤੋਂ ਪਹਿਲਾਂ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਹਰ ਅਧਿਕਾਰ ਖੇਤਰ ਵਿੱਚ ਜਨਰਲ ਵੋਟਿੰਗ ਦਿਨ ਤੋਂ 10 ਦਿਨ ਪਹਿਲਾਂ ਘੱਟੋ-ਘੱਟ ਇੱਕ ਐਡਵਾਂਸ ਵੋਟਿੰਗ ਮੌਕਾ ਕਰਵਾਉਣਾ ਲਾਜ਼ਮੀ ਹੁੰਦਾ ਹੈ। ਕਈ ਅਧਿਕਾਰ ਖੇਤਰ ਇੱਕ ਤੋਂ ਵੱਧ ਐਡਵਾਂਸ ਵੋਟਿੰਗ ਮੌਕੇ ਵੀ ਮੁਹੱਈਆ ਕਰਦੇ ਹਨ। ਆਉਣ ਵਾਲੀਆਂ ਆਮ ਸਥਾਨਕ ਚੋਣਾਂ ਲਈ ਲਾਜ਼ਮੀ ਐਡਵਾਂਸ ਵੋਟਿੰਗ ਦਾ ਮੌਕਾ **ਬੁੱਧਵਾਰ, 7 ਅਕਤੂਬਰ, 2026** ਨੂੰ ਹੋਵੇਗਾ।

ਅਧਿਕਾਰ ਖੇਤਰ ਉਨ੍ਹਾਂ ਯੋਗ ਵੋਟਰਾਂ ਲਈ, ਜੋ ਕਿਸੇ ਹੋਰ ਕਾਰਨ ਕਰਕੇ ਐਡਵਾਂਸ ਵੋਟਿੰਗ ਦੇ ਮੌਕੇ ‘ਤੇ ਹਾਜ਼ਰ ਨਹੀਂ ਹੋ ਸਕਦੇ ਜਾਂ ਜਨਰਲ ਵੋਟਿੰਗ ਵਾਲੇ ਦਿਨ ਵੋਟ ਨਹੀਂ ਪਾ ਸਕਦੇ, ਵੋਟਿੰਗ ਦੇ ਵਿਸ਼ੇਸ਼ ਮੌਕੇ ਵੀ ਮੁਹੱਈਆ ਕਰਵਾ ਸਕਦੇ ਹਨ।

ਵੋਟਿੰਗ ਦੇ ਵਿਸ਼ੇਸ਼ ਮੌਕੇ ਆਮ ਤੌਰ ’ਤੇ ਹਸਪਤਾਲਾਂ, ਲੰਬੇ ਸਮੇਂ ਦੀ ਦੇਖਭਾਲ ਵਾਲੀਆਂ ਫੈਸਿਲਿਟੀਆਂ, ਜਾਂ ਹੋਰ ਅਜਿਹੀਆਂ ਥਾਵਾਂ ’ਤੇ ਕਰਵਾਏ ਜਾਂਦੇ ਹਨ, ਜਿੱਥੇ ਕਿਸੇ ਵੋਟਰ ਦੀ ਆਉਣ-ਜਾਣ ਦੀ ਸਮਰੱਥਾ ਪ੍ਰਭਾਵਿਤ ਹੋ ਸਕਦੀ ਹੈ। ਵੋਟਿੰਗ ਦੇ ਵਿਸ਼ੇਸ਼ ਮੌਕਿਆਂ ’ਤੇ ਸਿਰਫ਼ ਨਿਰਧਾਰਤ ਕੀਤੇ ਗਏ ਵੋਟਰ ਹੀ ਵੋਟ ਪਾਉਣ ਲਈ ਯੋਗ ਹੁੰਦੇ ਹਨ।

ਜੇ ਤੁਹਾਡੀ ਸਥਾਨਕ ਸਰਕਾਰ ਆਪਣੇ ਚੋਣਾਂ ਸੰਬੰਧੀ ਬਾਇਲਾਅ ਅਨੁਸਾਰ ਡਾਕ ਰਾਹੀਂ (mail ballot) ਵੋਟ ਪਾਉਣ ਦੀ ਇਜਾਜ਼ਤ ਦਿੰਦੀ ਹੈ, ਤਾਂ ਤੁਸੀਂ ਡਾਕ ਰਾਹੀਂ ਵੀ ਵੋਟ ਪਾ ਸਕਦੇ ਹੋ।

ਜਨਰਲ ਵੋਟਿੰਗ ਵਾਲੇ ਦਿਨ ਤੋਂ ਪਹਿਲਾਂ ਤੁਸੀਂ ਕਿਵੇਂ ਵੋਟ ਪਾ ਸਕਦੇ ਹੋ, ਇਸ ਬਾਰੇ ਜਾਣਕਾਰੀ ਲਈ ਆਪਣੀ ਸਥਾਨਕ ਸਰਕਾਰ ਨਾਲ ਸੰਪਰਕ ਕਰੋ।

## ਜੇ ਮੈਂ ਐਡਵਾਂਸ ਵੋਟਿੰਗ ਅਤੇ ਜਨਰਲ ਵੋਟਿੰਗ ਵਾਲੇ ਦਿਨ ਆਪਣੇ ਭਾਈਚਾਰੇ ਵਿੱਚ ਮੌਜੂਦ ਨਾ ਹੋਵਾਂ, ਤਾਂ ਮੈਂ ਵੋਟ ਕਿਵੇਂ ਪਾ ਸਕਦਾ/ਸਕਦੀ ਹਾਂ?

ਜੇ ਤੁਹਾਡੀ ਸਥਾਨਕ ਸਰਕਾਰ ਨੇ ਆਪਣੇ ਚੋਣ ਬਾਇਲਾਅ ਅਧੀਨ ਡਾਕ ਰਾਹੀਂ ਵੋਟ ਪਾਉਣ ਦੀ ਮਨਜ਼ੂਰੀ ਦਿੱਤੀ ਹੋਈ ਹੈ, ਤਾਂ ਤੁਸੀਂ ਡਾਕ ਰਾਹੀਂ ਵੋਟ ਪਾਉਣ ਲਈ ਯੋਗ ਹੋ। ਡਾਕ ਰਾਹੀਂ ਵੋਟ ਜਾਂ ਉਸ ਅਧਿਕਾਰ ਖੇਤਰ ਵਿੱਚ ਉਪਲਬਧ ਹੋਰ ਐਡਵਾਂਸ ਵੋਟ ਪਾਉਣ ਦੇ ਮੌਕਿਆਂ ਬਾਰੇ ਜਾਣਕਾਰੀ ਲਈ, ਉਸ ਸਥਾਨਕ ਸਰਕਾਰ ਨਾਲ ਸੰਪਰਕ ਕਰੋ ਜਿੱਥੇ ਤੁਸੀਂ ਵੋਟ ਪਾਉਣ ਦਾ ਇਰਾਦਾ ਰੱਖਦੇ ਹੋ।

## ਕੀ ਵੋਟ ਪਾਉਣ ਲਈ ਮੈਨੂੰ ਪਛਾਣ ਪੱਤਰ ਦੀ ਲੋੜ ਹੈ?

ਜੇ ਕਿਸੇ ਅਧਿਕਾਰ ਖੇਤਰ ਵਿੱਚ ਰਜਿਸਟਰਡ ਵੋਟਰਾਂ ਦੀ ਸੂਚੀ (ਵੋਟਰ ਸੂਚੀ) ਵਰਤੀ ਜਾਂਦੀ ਹੈ ਅਤੇ ਤੁਹਾਡਾ ਨਾਮ ਉਸ ਸੂਚੀ ਵਿੱਚ ਦਰਜ ਹੈ, ਤਾਂ ਪਛਾਣ ਪੱਤਰ ਦੀ ਲੋੜ ਨਹੀਂ ਹੁੰਦੀ। ਜੇ ਵੋਟ ਪਾਉਣ ਦੇ ਸਮੇਂ ਤੁਹਾਡਾ ਨਾਮ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਦਰਜ ਨਹੀਂ ਹੈ, ਜਾਂ ਜੇ ਅਧਿਕਾਰ ਖੇਤਰ ਸਿਰਫ਼ ਉਸੇ ਦਿਨ ਦੀ ਵੋਟਰ ਰਜਿਸਟਰੇਸ਼ਨ ਦੀ ਹੀ ਇਜਾਜ਼ਤ ਦਿੰਦਾ ਹੈ, ਤਾਂ ਤੁਹਾਨੂੰ ਪਛਾਣ ਪੱਤਰ ਪੇਸ਼ ਕਰਨੇ ਲਾਜ਼ਮੀ ਹੋਣਗੇ।

ਵੋਟਿੰਗ ਵਾਲੇ ਦਿਨ ਰਿਹਾਇਸ਼ੀ ਵੋਟਰ ਵਜੋਂ ਵੋਟ ਪਾਉਣ ਲਈ ਰਜਿਸਟਰ ਕਰਨ ਸਮੇਂ ਤੁਹਾਨੂੰ ਪਛਾਣ ਦੇ ਦੋ ਵੱਖ-ਵੱਖ ਦਸਤਾਵੇਜ਼ ਪੇਸ਼ ਕਰਨੇ **ਲਾਜ਼ਮੀ** ਹਨ। ਇਹ ਪਛਾਣ ਪੱਤਰ ਚੋਣ ਅਧਿਕਾਰੀ ਨੂੰ ਤੁਹਾਡੀ ਪਛਾਣ ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਇਸ ਬਾਰੇ ਸੰਤੁਸ਼ਟ ਕਰਨ ਵਾਲੇ ਹੋਣੇ **ਲਾਜ਼ਮੀ** ਹਨ - ਅਤੇ ਪਛਾਣ ਦੇ ਦਸਤਾਵੇਜ਼ਾਂ ਵਿੱਚੋਂ ਘੱਟੋ-ਘੱਟ ਇੱਕ ’ਤੇ ਤੁਹਾਡੇ ਦਸਤਖ਼ਤ ਹੋਣੇ ਲਾਜ਼ਮੀ ਹਨ। ਜੇ ਤੁਹਾਡੇ ਕਿਸੇ ਵੀ ਪਛਾਣ ਦਸਤਾਵੇਜ਼ ’ਤੇ ਪਤਾ ਦਰਜ ਨਹੀਂ ਹੈ, ਤਾਂ ਤੁਸੀਂ ਆਪਣੇ ਨਿਵਾਸ ਸਥਾਨ ਬਾਰੇ ਘੋਸ਼ਣਾ (solemn declaration) ਕਰ ਸਕਦੇ ਹੋ।

ਜਦੋਂ ਤੁਸੀਂ ਗੈਰ ਰਿਹਾਇਸ਼ੀ ਪ੍ਰੌਪਰਟੀ ਵੋਟਰ ਵਜੋਂ ਵੋਟ ਪਾ ਰਹੇ ਹੁੰਦੇ ਹੋ, ਤਾਂ ਤੁਹਾਨੂੰ ਇਹ ਸਾਬਤ ਕਰਨਾ **ਲਾਜ਼ਮੀ** ਹੈ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਨਾਲ ਹੀ ਆਪਣੀ ਮਲਕੀਅਤ ਵਾਲੀ ਪ੍ਰੌਪਰਟੀ ਦਾ ਪਤਾ ਜਾਂ ਕਾਨੂੰਨੀ ਵੇਰਵਾ ਅਤੇ ਟਾਈਟਲ ਸਰਟੀਫਿਕੇਟ (ਜਾਂ ਮਲਕੀਅਤ ਦਾ ਹੋਰ ਸਬੂਤ) ਵੀ ਪੇਸ਼ ਕਰਨਾ ਪਵੇਗਾ।

ਜੇ ਤੁਸੀਂ ਇੱਕ ਜਾਂ ਇੱਕ ਤੋਂ ਵੱਧ ਵਿਅਕਤੀਆਂ ਨਾਲ ਮਿਲ ਕੇ ਪ੍ਰੌਪਰਟੀ ਦੇ ਮਾਲਕ ਹੋ, ਤਾਂ ਸਿਰਫ਼ ਇੱਕ ਮਾਲਕ ਹੀ ਵੋਟ ਪਾ ਸਕਦਾ/ਸਕਦੀ ਹੈ, ਅਤੇ ਉਸ ਪ੍ਰੌਪਰਟੀ ਨਾਲ ਸੰਬੰਧਿਤ ਵੋਟ ਪਾਉਣ ਲਈ ਤੁਹਾਡੇ ਕੋਲ ਬਾਕੀ ਮਾਲਕਾਂ ਦੀ ਬਹੁਮਤ ਵੱਲੋਂ ਲਿਖਤੀ ਸਹਿਮਤੀ ਹੋਣੀ ਲਾਜ਼ਮੀ ਹੈ।

ਤੁਹਾਡੀ ਮਲਕੀਅਤ ਵਾਲੀ ਪ੍ਰੌਪਰਟੀ ਬਾਰੇ ਜਾਣਕਾਰੀ ਲਈ ਜਾਂ ਲੈਂਡ ਟਾਈਟਲ ਦਾ ਰਿਕਾਰਡ ਮੰਗਵਾਉਣ ਲਈ ਲੈਂਡ ਟਾਈਟਲ ਐਂਡ ਸਰਵੇ ਅਥੌਰਿਟੀ (Land Title Survey Authority) ਨਾਲ ਸੰਪਰਕ ਕਰੋ।

ਮਨਜ਼ੂਰਸ਼ੁਦਾ ਪਛਾਣ ਦਸਤਾਵੇਜ਼ਾਂ ਵਿੱਚ ਸ਼ਾਮਲ ਹਨ:

- ਡਰਾਈਵਰਜ਼ ਲਾਇਸੈਂਸ;
- ਬ੍ਰਿਟਿਸ਼ ਕੋਲੰਬੀਆ ਪਛਾਣ ਕਾਰਡ (BCID) (ਨੋਟ: ਡਰਾਈਵਰਜ਼ ਲਾਇਸੈਂਸ ਨਾਲ ਮਿਲਾ ਕੇ ਵਰਤਿਆ ਗਿਆ ਬੀ.ਸੀ. ਸਰਵਿਸਿਜ਼ ਕਾਰਡ **ਇੱਕ** ਪਛਾਣ ਦਸਤਾਵੇਜ਼ ਵਜੋਂ ਮੰਨਿਆ ਜਾਂਦਾ ਹੈ);
- ਇੰਡੀਅਨ ਪਛਾਣ ਦਾ ਸਰਟੀਫਿਕੇਟ;
- ਕਿਸੇ ਇੰਡੀਜਨਸ (ਮੂਲ ਨਿਵਾਸੀ) ਪ੍ਰਸ਼ਾਸਨ ਸੰਸਥਾ ਵੱਲੋਂ ਜਾਰੀ ਕੀਤਾ ਨਾਗਰਿਕਤਾ ਅਤੇ/ਜਾਂ ਮੈਂਬਰਸ਼ਿਪ ਕਾਰਡ;
- ਯੁਟਿਲਿਟੀ ਬਿਲ (ਜਿਸ ਵਿੱਚ ਤੁਹਾਡਾ ਰਿਹਾਇਸ਼ੀ ਪਤਾ ਲਿਖਿਆ ਹੋਵੇ); ਜਾਂ,
- ਕ੍ਰੈਡਿਟ ਜਾਂ ਡੈਬਿਟ ਕਾਰਡ।

ਮਨਜ਼ੂਰਸ਼ੁਦਾ ਪਛਾਣ ਦਸਤਾਵੇਜ਼ਾਂ ਦੀ ਪੂਰੀ ਸੂਚੀ ਲੋਕਲ ਗਵਰਨਮੈਂਟ ਇਲੈਕਸ਼ਨਜ਼ ਰੈਗੂਲੇਸ਼ਨ (BC Reg 380/93) ਵਿੱਚ ਆਨਲਾਈਨ ਉਪਲਬਧ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਅਧਿਕਾਰ ਖੇਤਰ ਵਿੱਚ ਵੋਟ ਪਾਉਣ ਲਈ ਯੋਗ ਹੋ, ਪਰ ਉੱਪਰ ਦੱਸੀਆਂ ਪਛਾਣ ਸੰਬੰਧੀ ਸ਼ਰਤਾਂ ਨੂੰ ਪੂਰਾ ਨਹੀਂ ਕਰ ਸਕਦੇ, ਜਾਂ ਇਸ ਬਾਰੇ ਕੋਈ ਸਵਾਲ ਹਨ ਕਿ ਕਿਹੜੇ ਪਛਾਣ ਦਸਤਾਵੇਜ਼ ਮਨਜ਼ੂਰ ਕੀਤੇ ਜਾਣਗੇ, ਤਾਂ ਆਪਣੀ ਸਥਾਨਕ ਸਰਕਾਰ ਨਾਲ ਸੰਪਰਕ ਕਰੋ।

## ਜੇ ਮੈਨੂੰ ਵੋਟ ਪਾਉਣ ਲਈ ਮਦਦ ਦੀ ਲੋੜ ਹੋਵੇ, ਤਾਂ ਕੀ ਕਰਨਾ ਚਾਹੀਦਾ ਹੈ?

ਸਾਰੀਆਂ ਸਥਾਨਕ ਸਰਕਾਰਾਂ ਲਈ ਇਹ ਲਾਜ਼ਮੀ ਹੈ ਕਿ ਉਹ ਵੋਟ ਪਾਉਣ ਦੀਆਂ ਥਾਵਾਂ ਨੂੰ ਉਨ੍ਹਾਂ ਪਹੁੰਚਯੋਗ ਬਣਾਉਣ ਜਿਨ੍ਹਾਂ ਵਾਜਬ ਤੌਰ 'ਤੇ ਸੰਭਵ ਹੈ। ਤੁਸੀਂ ਇਹ ਕਰ ਸਕਦੇ ਹੋ:

- ਜੇ ਤੁਸੀਂ ਵੋਟ ਪਾਉਣ ਦੀ ਥਾਂ ਤੱਕ ਆ ਸਕਦੇ ਹੋ ਪਰ ਤੁਹਾਡੇ ਲਈ ਉਸ ਇਮਾਰਤ ਜਾਂ ਕਮਰੇ ਵਿੱਚ ਦਾਖ਼ਲ ਹੋਣਾ ਮੁਸ਼ਕਲ ਹੈ ਜਿੱਥੇ ਵੋਟਿੰਗ ਹੋ ਰਹੀ ਹੈ, ਤਾਂ ਤੁਸੀਂ ਕਿਸੇ ਚੋਣ ਅਧਿਕਾਰੀ ਨੂੰ ਬੇਨਤੀ ਕਰ ਸਕਦੇ ਹੋ ਕਿ ਉਹ ਤੁਹਾਡੇ ਕੋਲ ਬੈਲਟ ਲਿਆਵੇ (ਇਸਨੂੰ "ਕਰਬ-ਸਾਈਡ" ਵੋਟਿੰਗ ਕਿਹਾ ਜਾਂਦਾ ਹੈ);

- ਜੇ ਤੁਸੀਂ ਆਪਣੀ ਬੈਲਟ 'ਤੇ ਖੁਦ ਨਿਸ਼ਾਨੀ ਲਗਾਉਣ ਵਿੱਚ ਅਸਮਰੱਥ ਹੋ, ਤਾਂ ਤੁਸੀਂ ਕਿਸੇ ਚੋਣ ਅਧਿਕਾਰੀ, ਮਿੱਤਰ ਜਾਂ ਰਿਸ਼ਤੇਦਾਰ ਨੂੰ ਆਪਣੇ ਨਾਲ ਬੈਲਟ ਬਾਕਸ ਤੱਕ ਆਉਣ ਅਤੇ ਤੁਹਾਡੀ ਮਦਦ ਕਰਨ ਲਈ ਕਹਿ ਸਕਦੇ ਹੋ; ਜਾਂ,

- ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਤੁਸੀਂ ਆਪਣੀ ਮਦਦ ਲਈ ਕਿਸੇ ਵਿਅਕਤੀ ਨੂੰ ਨਾਲ ਲਿਆ ਸਕਦੇ ਹੋ। ਦੁਭਾਸ਼ੀਏ ਵੱਲੋਂ ਇਹ ਘੋਸ਼ਣਾ ਕਰਨਾ ਲਾਜ਼ਮੀ ਹੈ ਕਿ ਉਹ ਆਪਣੀ ਸਭ ਤੋਂ ਵਧੀਆ ਸਮਰੱਥਾ ਅਨੁਸਾਰ ਸਹੀ ਅਨੁਵਾਦ ਕਰ ਸਕਦੇ ਹਨ ਅਤੇ ਕਰਨਗੇ।

ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨ ਵਾਲੇ ਵਿਅਕਤੀ ਨੂੰ ਇਹ ਘੋਸ਼ਣਾ ਕਰਨੀ ਲਾਜ਼ਮੀ ਹੈ ਕਿ ਉਹ ਬੈਲਟ ਦੀ ਗੁਪਤਤਾ ਨੂੰ ਬਰਕਰਾਰ ਰੱਖਣਗੇ, ਬੈਲਟ 'ਤੇ ਉਸੇ ਤਰੀਕੇ ਨਾਲ ਨਿਸ਼ਾਨ ਲਗਾਉਣਗੇ ਜਿਵੇਂ ਤੁਸੀਂ ਦਿਸ਼ਾ-ਨਿਰਦੇਸ਼ ਦਿੰਦੇ ਹੋ, ਅਤੇ ਕਿਸੇ ਵੀ ਤਰੀਕੇ ਨਾਲ ਤੁਹਾਡੇ ਵੋਟ ਦੇ ਫੈਸਲੇ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕਰਨਗੇ। ਉਮੀਦਵਾਰ, ਉਮੀਦਵਾਰਾਂ ਦੇ ਨੁਮਾਇੰਦੇ ਅਤੇ ਉਮੀਦਵਾਰਾਂ ਦੇ ਵਿੱਤੀ ਏਜੰਟ ਕਿਸੇ ਵੀ ਵੋਟਰ ਨੂੰ ਆਪਣੀ ਬੈਲਟ ਪਾਉਣ ਵਿੱਚ ਮਦਦ ਨਹੀਂ ਕਰ ਸਕਦੇ।

## ਕੀ ਮੈਂ ਇੰਟਰਨੈਟ ਰਾਹੀਂ ਜਾਂ ਫ਼ੋਨ ਦੁਆਰਾ ਵੋਟ ਪਾ ਸਕਦਾ/ਸਕਦੀ ਹਾਂ?

**ਨਹੀਂ**। ਤੁਸੀਂ ਇੰਟਰਨੈਟ ਰਾਹੀਂ ਜਾਂ ਫ਼ੋਨ ਦੁਆਰਾ ਆਪਣੀ ਬੈਲਟ ਵੋਟ ਨਹੀਂ ਪਾ ਸਕਦੇ।

# ਚੋਣ ਸੰਬੰਧੀ ਅਪਰਾਧ

## ਚੋਣ ਸੰਬੰਧੀ ਅਪਰਾਧ ਕੀ ਹੁੰਦਾ ਹੈ?

ਖ਼ਾਸ ਚੋਣੀ ਅਪਰਾਧਾਂ ਦੀ ਵਿਸਥਾਰ ਨਾਲ ਜਾਣਕਾਰੀ *ਲੋਕਲ ਗਵਰਨਮੈਂਟ ਐਕਟ* ਅਤੇ *ਲੋਕਲ ਇਲੈਕਸ਼ਨਜ਼ ਕੈਂਪੇਨ ਫਾਇਨੈਂਸਿੰਗ ਐਕਟ* ਵਿੱਚ ਦਿੱਤੀ ਗਈ ਹੈ। ਇਨ੍ਹਾਂ ਵਿੱਚ ਡਰਾਉਣਾ ਧਮਕਾਉਣਾ, ਝੂਠੀ ਜਾਣਕਾਰੀ ਦੇਣਾ ਜਾਂ ਵੰਡਣਾ, ਧੋਖੇ ਨਾਲ ਵੋਟ ਪਾਉਣਾ, ਬੈਲਟਾਂ ਜਾਂ ਬੈਲਟ ਬਾਕਸਾਂ ਨਾਲ ਦਖ਼ਲਅੰਦਾਜ਼ੀ ਕਰਨਾ, ਅਤੇ ਕਿਸੇ ਚੋਣ ਅਧਿਕਾਰੀ ਦੇ ਕੰਮ ਵਿੱਚ ਰੁਕਾਵਟ ਪੈਦਾ ਕਰਨਾ ਜਾਂ ਅੜਚਣ ਬਣਾਉਣ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ।

## ਜੇ ਮੈਨੂੰ ਲੱਗਦਾ ਹੈ ਕਿ ਕਿਸੇ ਵਿਅਕਤੀ ਨੇ ਚੋਣ ਸੰਬੰਧੀ ਅਪਰਾਧ ਕੀਤਾ ਹੈ, ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਵਿਅਕਤੀ ਨੇ ਚੋਣ ਸੰਬੰਧੀ ਅਪਰਾਧ ਕੀਤਾ ਹੈ, ਤਾਂ ਆਪਣੇ ਮੁੱਖ ਚੋਣ ਅਧਿਕਾਰੀ (ਚੀਫ਼ ਇਲੈਕਸ਼ਨ ਅਫਸਰ) ਅਤੇ/ਜਾਂ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸੰਪਰਕ ਕਰੋ। ਸਥਾਨਕ ਮੁੱਖ ਚੋਣ ਅਧਿਕਾਰੀ ਕੁਝ ਚੋਣੀ ਅਪਰਾਧਾਂ ਨਾਲ ਤੁਰੰਤ ਨਜਿੱਠ ਸਕਦੇ ਹਨ (ਉਦਾਹਰਨ ਵਜੋਂ, ਵੋਟਿੰਗ ਸਥਾਨ ਤੋਂ 100 ਮੀਟਰ ਦੇ ਅੰਦਰ ਲੱਗੀਆਂ ਚੋਣੀ ਤਖ਼ਤੀਆਂ ਹਟਾਉਣਾ), ਜਦਕਿ ਹੋਰ ਮਾਮਲਿਆਂ ਵਿੱਚ ਪੁਲਿਸ ਕਾਰਵਾਈ ਦੀ ਲੋੜ ਪੈ ਸਕਦੀ ਹੈ।

ਪੁਲਿਸ ਚੋਣ ਸੰਬੰਧੀ ਅਪਰਾਧਾਂ, ਜਿਵੇਂ ਕਿ ਵੋਟ ਖਰੀਦਣਾ ਜਾਂ ਵੋਟਰਾਂ ਨੂੰ ਡਰਾਉਣ ਧਮਕਾਉਣ, ਬਾਰੇ ਜਾਂਚ ਕਰਨ ਅਤੇ ਕ੍ਰਾਊਨ ਕੌਂਸਲ ਨੂੰ ਇਹ ਸਿਫ਼ਾਰਸ਼ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ ਕਿ ਕੀ ਇਨ੍ਹਾਂ ਅਪਰਾਧਾਂ ਲਈ ਦੋਸ਼ ਲਗਾਏ ਜਾ ਸਕਦੇ ਹਨ। ਅਪਰਾਧਿਕ ਮੁਕੱਦਮੇ ਨਾਲ ਮਾਮਲਾ ਅੱਗੇ ਵਧਾਇਆ ਜਾਣਾ ਹੈ ਜਾਂ ਨਹੀਂ, ਇਸ ਬਾਰੇ ਫੈਸਲਾ ਕ੍ਰਾਊਨ ਕੌਂਸਲ ਕਰਦੀ ਹੈ। ਚੋਣ ਸੰਬੰਧੀ ਅਪਰਾਧਾਂ ਦਾ ਮੁਕੱਦਮਾ ਅਦਾਲਤੀ ਸਿਸਟਮ ਰਾਹੀਂ ਚਲਾਇਆ ਜਾਂਦੀ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਵਿਅਕਤੀ ਨੇ ਵਿਗਿਆਪਨ ਨਾਲ ਸੰਬੰਧਿਤ ਕੋਈ ਚੋਣ ਅਪਰਾਧ ਕੀਤਾ ਹੈ - ਜਿਵੇਂ ਕਿ ਪ੍ਰਯੋਜਕ (sponsorship) ਜਾਣਕਾਰੀ ਤੋਂ ਬਿਨਾਂ ਇਸ਼ਤੇਹਾਰ ਜਾਰੀ ਕਰਨਾ - ਜਾਂ ਕੈਂਪੇਨ ਫਾਇਨੈਂਸਿੰਗ ਅਤੇ/ਜਾਂ ਚੋਣ ਸੰਬੰਧੀ ਵਿਗਿਆਪਨ ਨਾਲ ਜੁੜਿਆ ਅਪਰਾਧ ਕੀਤਾ ਹੈ, ਤਾਂ 'ਇਲੈਕਸ਼ਨਜ਼ ਬੀ ਸੀ' (Elections BC) ਨੂੰ ਇਤਲਾਹ ਕਰੋ। *'ਲੋਕਲ ਇਲੈਕਸ਼ਨਜ਼ ਕੈਂਪੇਨ ਫਾਇਨੈਂਸਿੰਗ ਐਕਟ'* ਅਧੀਨ ਸਥਾਨਕ ਚੋਣਾਂ ਦੇ ਵਿਗਿਆਪਨ ਅਤੇ ਕੈਂਪੇਨ ਨੂੰ ਫੰਡ ਦੇਣ ਦੇ ਨਿਯਮਾਂ ਦੀ ਪ੍ਰਬੰਧਕੀ ਅਤੇ ਲਾਗੂ ਕਰਨ ਲਈ 'ਇਲੈਕਸ਼ਨਜ਼ ਬੀ ਸੀ' ਜ਼ਿੰਮੇਵਾਰ ਹੈ।

# ਹੋਰ ਜਾਣਕਾਰੀ

ਸਥਾਨਕ ਸਰਕਾਰਾਂ ਦੇ ਡਾਕ ਪਤੇ, ਟੈਲੀਫ਼ੋਨ ਨੰਬਰ, ਈਮੇਲ ਪਤੇ ਅਤੇ ਵੈੱਬਸਾਈਟਾਂ 'ਸਿਵਿਕਇਨਫੋ ਬੀ ਸੀ' (CivicInfo BC) 'ਤੇ ਆਨਲਾਈਨ ਹੇਠਾਂ ਦਿੱਤੇ ਪਤੇ 'ਤੇ ਉਪਲਬਧ ਹਨ: www.civicinfo.bc.ca/directories

**ਮਿਊਂਨਿਸੀਪਲ ਅਤੇ ਰੀਜਨਲ ਡਿਸਟ੍ਰਿਕਟ ਚੋਣਾਂ ਸੰਬੰਧੀ ਵਿਧਾਨਕ ਸਵਾਲਾਂ** ਦੇ ਜਵਾਬਾਂ ਲਈ, ਕਿਰਪਾ ਕਰਕੇ ਹੇਠ ਲਿਖਿਆਂ ਨਾਲ ਸੰਪਰਕ ਕਰੋ:

**ਹਾਊਸਿੰਗ ਅਤੇ ਮਿਊਂਨਿਸੀਪਲ ਮਾਮਲਿਆਂ ਦਾ ਮੰਤਰਾਲਾ**
ਗਵਰਨੈਂਸ ਐਂਡ ਸਟ੍ਰਕਚਰ ਬ੍ਰਾਂਚ
ਫੋਨ: 250 387-4020
ਇਮੇਲ: LGgovernance@gov.bc.ca
ਵੈਬਸਾਈਟ: www.gov.bc.ca/localelections

**ਚੋਣ ਸੰਬੰਧੀ ਵਿਗਿਆਪਨ, ਤੀਜੇ ਪੱਖ ਦੇ ਪ੍ਰਯੋਜਕਾਂ ਅਤੇ ਕੈਂਪੇਨ ਦੇ ਵਿੱਤੀ ਸਪੱਸ਼ਟੀਕਰਨ ਨਾਲ ਸੰਬੰਧਿਤ ਸਵਾਲਾਂ** ਦੇ ਜਵਾਬਾਂ ਲਈ, ਕਿਰਪਾ ਕਰਕੇ ਹੇਠ ਲਿਖਿਆਂ ਨਾਲ ਸੰਪਰਕ ਕਰੋ:

**ਇਲੈਕਸ਼ਨਜ਼ ਬੀ ਸੀ**
ਫੋਨ: 250 387-5305
ਟੋਲ ਫ੍ਰੀ: 1 800 661-8683 / TTY 1 888 456-5448
ਇਮੇਲ: electoral.finance@elections.bc.ca
ਵੈਬਸਾਈਟ: https://elections.bc.ca/local-elections/2026-general-local-elections/

*ਲੋਕਲ ਗਵਰਨਮੈਂਟ ਐਕਟ, ਲੋਕਲ ਇਲੈਕਸ਼ਨਜ਼ ਕੈਂਪੇਨ ਫਾਇਨੈਂਸਿੰਗ ਐਕਟ, ਕਮਿਊਨਿਟੀ ਚਾਰਟਰ, ਵੈਨਕੂਵਰ ਚਾਰਟਰ, ਸਕੂਲ ਐਕਟ,* ਅਤੇ *ਔਫ਼ੈਂਸ ਐਕਟ* ਦਾ ਪੂਰਾ ਸਾਰ www.bclaws.ca 'ਤੇ ਆਨਲਾਈਨ ਉਪਲਬਧ ਹੈ।

## ਡਿਸਕਲੇਮਰ

ਜੇ ਇਸ ਬਰੋਸ਼ਰ *ਅਤੇ ਲੋਕਲ ਗਵਰਨਮੈਂਟ ਐਕਟ, ਲੋਕਲ ਇਲੈਕਸ਼ਨਜ਼ ਕੈਂਪੇਨ ਫਾਇਨੈਂਸਿੰਗ ਐਕਟ,* ਜਾਂ ਕਿਸੇ ਹੋਰ ਐਕਟ ਵਿੱਚ ਕੋਈ ਅੰਤਰ ਜਾਂ ਵਿਰੋਧ ਹੋਣ ਦੀ ਸੰਭਾਵਨਾ ਹੋਵੇ, ਤਾਂ ਵਿਧਾਨ ਹੀ ਪ੍ਰਮੁੱਖ ਹੋਵੇਗਾ ਅਤੇ ਉਹੀ ਲਾਗੂ ਹੋਵੇਗਾ।

## ਜ਼ਮੀਨ ਸੰਬੰਧੀ ਮਾਨਤਾ

ਬੀ.ਸੀ. ਪਬਲਿਕ ਸਰਵਿਸ ਸੂਬੇ ਭਰ ਵਿੱਚ ਮੌਜੂਦ ਫਰਸਟ ਨੇਸ਼ਨਜ਼ ਦੇ ਪਰੰਪਰਾਗਤ ਇਲਾਕਿਆਂ ਨੂੰ ਸਵੀਕਾਰਦੀ ਹੈ ਅਤੇ ਇਨ੍ਹਾਂ ਧਰਤੀਆਂ ’ਤੇ ਆਪਣਾ ਕੰਮ ਕਰਨ ਲਈ ਆਭਾਰੀ ਹੈ। ਇਹ ਸਾਰੇ ਇੰਡੀਜਨਸ ਲੋਕਾਂ – ਫਰਸਟ ਨੇਸ਼ਨਜ਼, ਮੇਟੀ ਅਤੇ ਇਨੂਇਟ - ਦੇ ਅਧਿਕਾਰਾਂ, ਹਿੱਤਾਂ, ਤਰਜੀਹਾਂ ਅਤੇ ਚਿੰਤਾਵਾਂ ਦੀ ਕਦਰ ਕਰਦੀ ਹੈ ਅਤੇ ਉਨ੍ਹਾਂ ਦੇ ਵਿਭਿੰਨ ਸੱਭਿਆਚਾਰ, ਇਤਿਹਾਸ, ਅਧਿਕਾਰ, ਕਾਨੂੰਨ ਅਤੇ ਸਰਕਾਰਾਂ ਦਾ ਸਨਮਾਨ ਕਰਦੀ ਅਤੇ ਸਵੀਕਾਰਦੀ ਹੈ।

## ਅਨੁਵਾਦ

ਚਾਈਨੀਜ਼ ਸਿੰਪਲਿਫਾਈਡ (ਅਨੁਵਾਦਿਤ)

ਫਰੈਂਚ (ਅਨੁਵਾਦਿਤ)

ਚਾਈਨੀਜ਼ ਟ੍ਰੇਡਿਸ਼ਨਲ (ਅਨੁਵਾਦਿਤ)

ਕੋਰੀਆਈ (ਅਨੁਵਾਦਿਤ)

ਫ਼ਾਰਸੀ (ਅਨੁਵਾਦਿਤ)

ਪੰਜਾਬੀ (ਅਨੁਵਾਦਿਤ)